BC GOVERNMENT AND SERVICE EMPLOYEES' UNION
bcgeu

# ਸਿਹਤ ਅਤੇ ਸੇਫਟੀ:
# ਆਪਣੇ ਹੱਕ ਜਾਣੋ

## ਕੰਮ 'ਤੇ ਸਾਡੇ ਸਿਹਤ ਅਤੇ ਸੇਫਟੀ ਦੇ ਹੱਕ:

1. ਕੰਮ 'ਤੇ ਖਤਰਿਆਂ ਬਾਰੇ ਜਾਣਨ ਦਾ ਹੱਕ।
2. ਕੰਮ 'ਤੇ ਸਿਹਤ ਅਤੇ ਸੇਫਟੀ ਵਿਚ ਹਿੱਸਾ ਲੈਣ ਦਾ ਹੱਕ।
3. ਅਣਸਰੁੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦਾ ਹੱਕ।
4. ਕੋਈ ਵੀ ਵਿਤਕਰਾ ਨਾ ਹੋਣ ਦਾ ਹੱਕ।

## 1. ਜਾਣਨ ਦਾ ਹੱਕ – ਇਮਪਲੌਏਅਰ (ਕੰਮ-ਮਾਲਕ) ਲਈ ਇਹ ਕਰਨਾ ਜ਼ਰੂਰੀ ਹੈ:

- ਇਹ ਪੱਕਾ ਕਰਨਾ ਕਿ ਤੁਸੀਂ ਜਾਣੇ ਜਾਂਦੇ ਜਾਂ ਹੋ ਸਕਦੇ ਖਤਰਿਆਂ ਤੋਂ ਜਾਣੂ ਹੋ।
- ਤੁਹਾਨੂੰ ਤੁਹਾਡੇ ਹੱਕਾਂ ਅਤੇ ਫਰਜ਼ਾਂ ਬਾਰੇ ਜਾਣਕਾਰੀ ਦੇਣਾ।
- ਤੁਹਾਨੂੰ ਜਾਣਕਾਰੀ, ਹਿਦਾਇਤਾਂ, ਟਰੇਨਿੰਗ ਦੇਣਾ ਅਤੇ ਨਿਗਰਾਨੀ ਕਰਨਾ।
- ਡਬਲਯੂ ਸੀ ਏ ਅਤੇ ਓ ਐੱਚ ਐਂਡ ਐੱਸ ਦੇ ਨਿਯਮਾਂ ਦੀ ਕਾਪੀ ਸੌਖਿਆਂ ਹੀ ਉਪਲਬਧ ਕਰਵਾਉਣਾ।
- ਡਬਲਯੂ ਸੀ ਬੀ ਦੀਆਂ ਇੰਸਪੈਕਸ਼ਨ ਦੀਆਂ ਰਿਪੋਰਟਾਂ ਲਾਉਣਾ ਅਤੇ ਕਮੇਟੀ ਨੂੰ ਇਕ ਕਾਪੀ ਦੇਣਾ।
- ਕਮੇਟੀ ਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਦੇਣਾ:
  - ਤੁਹਾਡੇ ਕੰਮ ਵਾਲੀ ਥਾਂ ਦੇ ਖਤਰੇ।
  - ਕੰਮ ਦੀਆਂ ਹੋਰ ਥਾਂਵਾਂ ਦੇ ਤਜਰਬੇ।
  - ਡਬਲਯੂ ਸੀ ਬੀ ਦੇ ਆਰਡਰ ਅਤੇ ਜੁਰਮਾਨੇ।

## 2. ਹਿੱਸਾ ਲੈਣ ਦਾ ਹੱਕ – ਤੁਹਾਨੂੰ ਹੱਕ ਹੈ:

- ਵਰਕਰ ਵਜੋਂ ਕੰਮ 'ਤੇ ਸਿਹਤ ਅਤੇ ਸੇਫਟੀ ਵਿਚ ਹਿੱਸਾ ਲੈਣ ਦਾ।
- ਓ ਐੱਚ ਐਂਡ ਐੱਸ ਦੇ ਫਿਕਰਾਂ ਬਾਰੇ ਆਪਣੇ ਸੁਪਰਵਾਈਜ਼ਰ ਅਤੇ ਆਪਣੀ ਕਮੇਟੀ ਨੂੰ ਦੱਸਣ ਦਾ।
- ਓ ਐੱਚ ਐਂਡ ਐੱਸ ਦੇ ਮਸਲਿਆਂ ਜਿਵੇਂ ਕਿ ਸਰੀਰਕ ਬੇਆਰਾਮੀਆਂ (ਅਰਗੋਨੌਮਿਕਸ) ਅਤੇ ਕੰਮ 'ਤੇ ਹਿੰਸਾ ਬਾਰੇ ਸਲਾਹ ਕਰਨਾ।

## 3. ਅਣਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦਾ ਹੱਕ:

- ਲੇਬਰ ਸਬੰਧਾਂ ਵਿਚ "ਹੁਣ ਕੰਮ ਕਰੋ, ਦੁਖੀ ਬਾਅਦ ਵਿਚ ਹੋਵੋ" ਦੇ ਨਿਯਮ ਤੋਂ ਛੋਟ।
- "ਜ਼ਰੂਰੀ" ਦਾ ਮਤਲਬ ਨਾਂਹ ਕਰਨਾ ਇਕ ਸ਼ਰਤ ਹੈ।
- ਸਮੱਸਿਆ ਦੇ ਹੱਲ ਲਈ ਤਰੀਕਾ ਪ੍ਰਦਾਨ ਕਰਦਾ ਹੈ।
- ਸੁਪਰਵਾਈਜ਼ਰ ਵਲੋਂ ਪੜਤਾਲ ਕਰਨ ਤੋਂ ਬਾਅਦ ਜੇ ਵਰਕਰ ਸੰਤੁਸ਼ਟ ਨਾ ਹੋਵੇ ਤਾਂ ਓ ਐੱਚ ਐਂਡ ਐੱਸ ਕਮੇਟੀ ਨੂੰ ਸੱਦਿਆ ਜਾਵੇਗਾ। ਕਮੇਟੀ ਅਗਾਂਹ ਹੋਰ ਪੜਤਾਲ ਕਰੇਗੀ ਅਤੇ ਜੇ ਵਰਕਰ ਅਜੇ ਵੀ ਆਰਾਮਦੇਹ ਨਾ ਹੋਵੇ ਤਾਂ ਦੋਨੋਂ ਧਿਰਾਂ ਡਬਲਯੂ ਸੀ ਬੀ ਦੇ ਅਫਸਰ ਨੂੰ ਸੱਦ ਸਕਦੀਆਂ ਹਨ ਜੋ ਕਿ ਪੜਤਾਲ ਕਰੇਗਾ।

## 4. ਕੋਈ ਵੀ ਵਿਤਕਰਾ ਨਾ ਹੋਣ ਦਾ ਹੱਕ:

ਕੋਈ ਵਿਤਕਰਾ ਨਹੀਂ ਦਾ ਮਤਲਬ ਹੈ ਕਿ ਕੋਈ ਇਮਪਲੌਏਅਰ ਜਾਂ ਯੂਨੀਅਨ ਅੱਗੇ ਲਿਖੀਆਂ ਗੱਲਾਂ ਲਈ ਤੁਹਾਨੂੰ ਡਰਾ ਨਹੀਂ ਸਕਦੇ ਜਾਂ ਤੁਹਾਡੇ ਖਿਲਾਫ ਕਾਰਵਾਈ ਨਹੀਂ ਕਰ ਸਕਦੇ:

- ਡਬਲਯੂ ਸੀ ਏ ਜਾਂ ਓ ਐੱਚ ਐਂਡ ਐੱਸ ਨਿਯਮਾਂ ਅਧੀਨ ਕੋਈ ਹੱਕ ਵਰਤਣ ਜਾਂ ਫਰਜ਼ ਨਿਭਾਉਣ ਕਰਕੇ।
- ਓ ਐੱਚ ਐਂਡ ਐੱਸ ਦੀ ਜਾਣਕਾਰੀ ਇਮਪਲੌਏਅਰ, ਵਰਕਰਾਂ, ਯੂਨੀਅਨ ਜਾਂ ਡਬਲਯੂ ਸੀ ਬੀ ਨੂੰ ਦੇਣ ਕਰਕੇ।

## ਜ਼ਿਆਦਾ ਜਾਣਕਾਰੀ ਲਈ ਬੀ ਸੀ ਜੀ ਈ ਯੂ ਨਾਲ ਸਿੱਧਾ ਸੰਪਰਕ ਕਰੋ:
## 1-888-991-6062

CEP467/COPE378 Health and Safety: Know Your Rights [Punjabi]